Open Network for Digital Commerce

# ਔਨਲਾਈਨ

## ਕਾਰੋਬਾਰ

## ਬਣਿਆ ਅਸਾਨ ਅਤੇ ਪਾਰਦਰਸ਼ੀ

ਸਕੈਨ ਕਰੋ ਜਾਂ +91 81309 35050 'ਤੇ "HI" ਕਰੋ ਇਹ ਸਿੱਖਣ ਲਈ ਕਿ ਓਐਨਡੀਸੀ ਨੈਟਵਰਕ 'ਤੇ ਵਿਕਰੀ ਕਿਵੇਂ ਕਰਨੀ ਹੈ






ਇਹ ਕਹਾਣੀ ਸੁਰੇਸ਼ (ਇੱਕ ਔਫਲਾਈਨ ਵਿਕ੍ਰੇਤਾ) ਅਤੇ ਕਮਲਾ (ਇੱਕ ਔਨਲਾਈਨ ਵਿਕ੍ਰੇਤਾ) ਦੇ ਜੀਵਨ ਨਾਲ ਸਬੰਧਿਤ ਹੈ। ਇਹ ਦੋਨੋਂ ਆਪਣੇ ਕਾਰੋਬਾਰ ਵਿੱਚ ਸਮੱਸਿਆਵਾਂ ਦਾ ਸਾਹਮਣਾ ਕਰ ਰਹੇ ਸੀ, ਜਦੋਂ ਤੱਕ ਉਹਨਾਂ ਦੇ ਮਿੱਤਰ ਰਾਜੂ ਨੇ ਉਹਨਾਂ ਨੂੰ ਓਐਨਡੀਸੀ ਬਾਰੇ ਜਾਣਕਾਰੀ ਨਹੀਂ ਦਿੱਤੀ। ਆਓ, ਇੱਕ ਨਜ਼ਰ ਮਾਰਦੇ ਹਾਂ ਕਿ ਓਐਨਡੀਸੀ ਨੇ ਉਹਨਾਂ ਦੇ ਕਾਰੋਬਾਰ ਨੂੰ ਬਦਲਣ ਵਿੱਚ ਕਿਸ ਤਰ੍ਹਾਂ ਮਦਦ ਕੀਤੀ ਹੈ।




ਸੁਰੇਸ਼ ਆਪਣੇ ਪਰਿਵਾਰ ਦੇ ਨਾਲ ਇੱਕ ਪਿੰਡ ਵਿੱਚ ਰਹਿੰਦਾ ਸੀ। ਉਹ ਹੱਥਾਂ ਨਾਲ ਸ਼ਿਲਪਕਾਰੀ ਘੜਦਾ ਹੈ ਅਤੇ ਉਹਨਾਂ ਨੂੰ ਸਥਾਨੀ ਬਜ਼ਾਰ ਵਿੱਚ ਵੇਚਦਾ ਹੈ। ਫਿਲਹਾਲ, ਉਹਨਾਂ ਦਾ ਕਾਰੋਬਾਰ ਘਾਟੇ ਵਿੱਚ ਚਲ ਰਿਹਾ ਹੈ।




ਅਜਿਹੇ ਵੀਚਾਰਾਂ ਨਾਲ ਪਰੇਸ਼ਾਨ ਹੋ ਕੇ, ਸੁਰੇਸ਼ ਆਪਣੀਆਂ ਸ਼ੰਕਾਵਾਂ ਦਾ ਨਿਵਾਰਣ ਕਰਨ ਲਈ ਬਜ਼ਾਰ ਜਾਣ ਦਾ ਫੈਸਲਾ ਕਰਦਾ ਹੈ।

ਸੁਰੇਸ਼ ਸਥਾਨੀ ਬਜ਼ਾਰ ਦਾ ਦੌਰਾ ਕਰਦਾ ਹੈ। ਉਹ ਆਪਣੇ ਵੀਚਾਰਾਂ ਵਿੱਚ ਗੁਆਚ ਜਾਂਦਾ ਹੈ, ਜਦੋਂ ਅਚਾਨਕ, ਉਸ ਦੇ ਮੋਢੇ ‘ਤੇ ਕੋਈ ਹੱਥ ਧਰਦਾ ਹੈ।



# ਓਐਨਡੀਸੀ ਕੀ ਹੈ ?

ਓਐਨਡੀਸੀ ਖਰੀਦਦਾਰਾਂ ਅਤੇ ਵਿਕ੍ਰੇਤਾਵਾਂ ਲਈ ਇੱਕ ਓਪਨ ਨੈਟਵਰਕ ਹੈ। ਸਰੀ ਖਰੀਦਾਰ ਅਤੇ ਵਿਕ੍ਰੇਤਾ ਇੱਕ ਹੀ ਨੈਟਵਰਕ 'ਤੇ ਜੁੜੇ ਹੋਏ ਹਨ, ਭਾਵੇਂ ਉਹਨਾਂ ਦੇ ਕਾਰੋਬਾਰ ਦਾ ਅਕਾਰ ਕੁੱਝ ਵੀ ਹੋਵੇ ਤੇ ਭਾਵੇਂ ਕੁੱਝ ਵੀ ਕੰਮ ਕਰਦੇ ਹੋਣ।






ਕਮਲਾ ਉਸ ਨੂੰ ਦੱਸਦੀ ਹੈ ਕਿ ਕਿਸ ਤਰ੍ਹਾਂ ਉਹ ਈ-ਕਾਮਰਸ ਪਲੈਟਫਾਰਮਾਂ 'ਤੇ ਵੱਧ ਕਮੀਸ਼ਨ ਦਾ ਭੁਗਤਾਨ ਕਰ ਰਹੀ ਹੈ ਅਤੇ ਸਮੇਂ 'ਤੇ ਭੁਗਤਾਨ ਪ੍ਰਾਪਤ ਨਹੀਂ ਕਰ ਰਹੀ ਹੈ। ਭਾਵੇਂ ਉਹ ਬਦਲਣਾ ਚਾਹੁੰਦੀ ਹੈ ਪਰ ਉਹ ਇੱਕ ਨਵੇਂ ਈ-ਕਾਮਰਸ ਪਲੈਟਫਾਰਮ ਵਿੱਚ ਜ਼ਿਆਦਾ ਕਮੀਸ਼ਨ ਅਤੇ ਨਿਯਮ ਤੇ ਸ਼ਰਤਾਂ ਵਿੱਚ ਬਦਲਾਅ ਬਾਰੇ ਅਨਿਸ਼ਚਿਤ ਹੈ।

ਸੁਰੇਸ਼ ਕਮਲਾ ਨੂੰ ਰਾਜੂ ਦੇ ਨਾਲ ਆਪਣੀ ਮੁਲਾਕਾਤ ਬਾਰੇ ਦੱਸਦਾ ਹੈ, ਓਐਨਡੀਸੀ ਨੈਟਵਰਕ ਬਾਰੇ ਵੀ ਸੰਖੇਪ ਵਿੱਚ ਦੱਸਦਾ ਹੈ ਅਤੇ ਇਹ ਉਹਨਾਂ ਦੀ ਮਦਦ ਕਿਸ ਤਰ੍ਹਾਂ ਕਰ ਸਕਦਾ ਹੈ।



ਸੁਰੇਸ਼, ਕਮਲਾ ਅਤੇ ਰਾਜੂ ਪਿੰਡ ਦੇ ਮਦਾਨ ਵਿੱਚ ਇਕੱਠੇ ਹੋ ਜਾਂਦੇ ਹਨ।
ਵਿਕ੍ਰੇਤਾ ਨੈਟਵਰਕ ਭਾਗੀਦਾਰ ਟੀਮ ਵੀ ਸਹੀ ਸਮੇਂ ਆ ਜਾਂਦੀ ਹੈ।





**ਓਐਨਡੀਸੀ ਨੈਟਵਰਕ ਦੇ ਮਾਧਿਅਮ ਤੋਂ ਵੇਚਣ ਦੇ ਫਾਇਦੇ**

ਜੇ ਤੁਸੀਂ **ਔਫਲਾਈਨ** ਵੇਚ ਰਹੇ ਹੋ ਤਾਂ ਓਐਨਡੀਸੀ ਨੈਟਵਰਕ:

- ਪੱਕਾ ਕਰੇਗਾ ਕਿ ਤੁਹਾਡੇ ਕਾਰੋਬਾਰ ਨੂੰ ਜ਼ਿਆਦਾ ਮੌਜੂਦਗੀ ਮਿਲੇ
- ਤੁਸੀਂ ਆਪਣੇ ਕਾਰੋਬਾਰ ਨੂੰ ਪ੍ਰਭਾਵਿਤ ਕੀਤੇ ਬਿਨਾ ਦੂਜੇ ਵਿਕ੍ਰੇਤਾ ਐਪਲੀਕੇਸ਼ਨਸ ਇਸਤੇਮਾਲ ਕਰ ਸਕਦੇ ਹੋ
- ਕਾਰੋਬਾਰ ਦੀ ਸੰਚਾਲਨ-ਲਾਗਤ ਘੱਟ ਕਰੇਗਾ

ਜੇ ਤੁਸੀਂ ਪਹਿਲਾਂ ਤੋਂ ਹੀ **ਔਨਲਾਈਨ** ਵਿਕ੍ਰੀ ਕਰ ਰਹੇ ਹੋ ਤਾਂ ਓਐਨਡੀਸੀ ਨੈਟਵਰਕ:


- ਸਾਰੇ ਵਿਕ੍ਰੇਤਾਵਾਂ ਨੂੰ ਉੱਚਿਤ ਅਤੇ ਸਮਾਨ ਅਵਸਰ ਪ੍ਰਦਾਨ ਕਰੇਗਾ
- ਤੁਹਾਨੂੰ ਪੂਰੇ ਭਾਰਤ ਵਿੱਚ ਖਰੀਦਦਾਰਾਂ ਨਾਲ ਜੋੜੇਗਾ
- ਸਮੇਂ 'ਤੇ ਭੁਗਤਾਨ ਪੱਕਾ ਕਰੇਗਾ





### ਸ਼ਾਮਿਲ ਹੋਣ ਲਈ ਪ੍ਰਕਿਰਿਆ:

- **ਕੇਵਾਯਸੀ** – ਨਿਜੀ ਪਛਾਣ ਦੇ ਲਈ
- **ਜੀਐਸਟੀ** – ਪਦਾਰਥਾਂ ਅਤੇ ਸੇਵਾਵਾਂ ਦੀ ਵਿਕ੍ਰੀ ਲਈ
- **ਕੈਂਸਲ ਕੀਤਾ ਚੈਕ** – ਬੈਂਕ ਖਾਤੇ ਦੇ ਵੇਰਵੇ ਲਈ
- ਆਪਣੇ ਦਸਤਾਵੇਜ਼ ਜਮ੍ਹਾ ਕਰੋ
- ਕਿਸੇ ਵੀ ਵਿਕ੍ਰੇਤਾ ਐਪਲੀਕੇਸ਼ਨ ਵਿੱਚ ਲੌਗ ਇਨ ਕਰੋ
- ਮੁੱਲਾਂ ਦੇ ਨਾਲ ਆਪਣੇ ਉਤਪਾਦਾਂ ਨੂੰ ਔਨਲਾਈਨ ਸੂਚੀਬੱਧ ਕਰੋ
- ਲਾਈਵ ਜਾਓ ਅਤੇ ਪੂਰੇ ਭਾਰਤ ਵਿੱਚ ਖਰੀਦਾਰਾਂ ਨਾਲ ਜੁੜੋ, ਜ਼ਿਆਦਾ ਆਰਡਰ ਦੀ ਉਮੀਦ ਰੱਖੋ।

ਇੱਕ ਵਾਰ ਔਨਬੋਰਡ ਹੋ ਜਾਵੋ ਤਾਂ ਤੁਹਾਨੂੰ ਇੱਕ ਵਿਕ੍ਰੇਤਾ ਨੈਟਵਰਕ ਤੱਕ ਪਹੁੱਚ ਮਿਲੇਗੀ ਜਿੱਥੇ ਤੁਸੀਂ ਅਸਾਨੀ ਨਾਲ ਔਨਲਾਈਨ ਆਰਡਰ, ਭੁਗਤਾਨਾਂ ਦਾ ਪ੍ਰਬੰਧ ਅਤੇ ਟ੍ਰੈਕ ਕਰ ਸਕਦੇ ਹੋ ਅਤੇ ਆਪਣੀ ਇਨਵੈਂਟਰੀ ਨੂੰ ਅਪਡੇਟ ਕਰ ਸਕਦੇ ਹੋ।


ਮੈਂ ਪਹਿਲਾਂ ਤੋਂ ਹੀ ਔਨਲਾਈਨ ਵੇਚ ਰਹੀ ਹਾਂ ਅਤੇ 20-30% ਕਮੀਸ਼ਨ ਦਾ ਭੁਗਤਾਨ ਕਰਦੀ ਹਾਂ। ਜੇ ਮੈਂ ਓਐਨਡੀਸੀ ਨੈਟਵਰਕ ਵਿੱਚ ਸ਼ਾਮਿਲ ਹੁੰਦੀ ਹਾਂ 'ਤੇ ਵਿਕਰੀ ਕਰਦੀ ਹਾਂ ਤਾਂ ਮੈਨੂੰ ਕਿੰਨਾ ਭੁਗਤਾਨ ਕਰਨਾ ਹੋਵੇਗਾ?
ਇਹ ਵਧੀਆ ਹੈ! ਪਰ ਓਐਨਡੀਸੀ ਨੈਟਵਰਕ ਮੈਨੂੰ ਹੋਰ ਗਾਹਕਾਂ ਤੱਕ ਪਹੁੰਚਣ ਵਿੱਚ ਕਿਵੇਂ ਮਦਦ ਕਰੇਗਾ?
ਕਮੀਸ਼ਨ ਉਸ ਵਿਕ੍ਰੇਤਾ ਨੈਟਵਰਕ ਭਾਗੀਦਾਰ 'ਤੇ ਨਿਰਭਰ ਕਰਦਾ ਹੈ ਜਿਸ ਦੇ ਨਾਲ ਤੁਸੀਂ ਕੰਮ ਕਰਨਾ ਚੁਣਦੇ ਹੋ ਅਤੇ ਜਿਨ੍ਹਾਂ ਉਦਯੋਗਿਕ ਸ਼ਰਤਾਂ 'ਤੇ ਤੁਸੀਂ ਪਰਸਪਰ ਰੂਪ ਨਾਲ ਸਹਿਮਤ ਹੋ, ਜੋ 5-20% ਵਿਚਕਾਰ ਹੋ ਸਕਦਾ ਹੈ।
ਇੱਕ ਵਾਰ ਜਦੋਂ ਤੁਸੀਂ ਔਨਬੋਰਡ ਹੋ ਜਾਂਦੇ ਹੋ ਤਾਂ ਤੁਹਾਡਾ ਉਤਪਾਦ ਕੈਟਲਾਗ ਨੈਟਵਰਕ ਉਪਰ ਸਾਰੇ ਖਰੀਦਾਰਾਂ ਨੂੰ ਦਿਖਾਈ ਦੇਵੇਗਾ। ਪੇਟੀਐਮ, ਕ੍ਰਾਫਟਸਵਿਲਾ, ਸਪਾਈਸਮਨੀ, ਪਿਨਕੋਡ (ਫੋਨਪੇ ਦੁਆਰਾ) ਅਤੇ ਮੈਜਿਕਪਿਨ ਵਰਗੇ ਐਪਲੀਕੇਸ਼ਨ 'ਤੇ ਖਰੀਦਾਰੀ ਕਰਨ ਵਾਲੇ ਦੇਸ਼ ਭਰ ਦੇ ਖਰੀਦਾਰ ਤੁਹਾਡੇ ਉਤਪਾਦਾਂ ਨੂੰ ਔਨਲਾਈਨ ਖਰੀਦ ਸਕਣਗੇ।


ਅਸੀਂ ਆਪਣੇ ਭੁਗਤਾਨ ਕਿੱਥੇ ਪ੍ਰਾਪਤ ਕਰਾਂਗੇ?
ਭੁਗਤਾਨ ਸਿੱਧੇ ਤੁਹਾਡੇ ਬੈਂਕ ਖਾਤਿਆਂ ਵਿੱਚ ਕੀਤਾ ਜਾਵੇਗਾ। ਵਿਕ੍ਰੇਤਾ ਨੈਟਵਰਕ ਭਾਗੀਦਾਰ ਦੇ ਨਾਲ ਤੁਹਾਡੀਆਂ ਉਦਯੋਗਿਕ ਸ਼ਰਤਾਂ ਦੇ ਅਨੁਸਾਰ, ਆਰਡਰ ਪੂਰਾ ਹੋਣ ਦੇ ਬਾਅਦ ਤੁਸੀਂ ਇਸ ਨੂੰ 3-7 ਦਿਨਾਂ ਦੇ ਅੰਦਰ ਪ੍ਰਾਪਤ ਕਰੋਗੇ।
ਇਹ ਬੜਾ ਚੰਗਾ ਲਗਦਾ ਹੈ! ਪਰ ਮੈਂ ਨਹੀਂ ਚਾਹੁੰਦਾ ਕਿ ਮੇਰਾ ਕਾਰੋਬਾਰ ਕਿਸੇ ਹੋਰ ਦੁਆਰਾ ਚਲਾਇਆ ਜਾਵੇ।
ਤੁਹਾਨੂੰ ਅਜਿਹਾ ਕਰਨ ਦੀ ਜ਼ਰੂਰਤ ਨਹੀਂ ਹੋਵੇਗੀ। ਤੁਸੀਂ ਆਪਣੇ ਸਟਾਕ ਦਾ ਪ੍ਰਬੰਧਨ ਕਰ ਸਕਦੇ ਹੋ, ਇਹ ਤੈਅ ਕਰ ਸਕਦੇ ਹੋ ਕਿ ਕਿਸ ਖਰੀਦਾਰ ਨੂੰ ਵੇਚਣਾ ਹੈ, ਕੀਮਤਾਂ ਅਤੇ ਛੋਟ ਸਭ ਕੁੱਝ ਆਪਣੀਆਂ ਸ਼ਰਤਾਂ 'ਤੇ ਨਿਰਧਾਰਿਤ ਕਰ ਸਕਦੇ ਹੋ। ਤੁਸੀਂ ਇਸ ਨੂੰ ਆਪਣੇ ਦਮ ਤੇ ਵੀ ਭੇਜ ਸਕਦੇ ਹੋ।

ਜੇ ਮੈਂ ਤੁਹਾਡੀਆਂ ਸੇਵਾਵਾਂ ਤੋਂ ਖੁਸ਼ ਨਹੀਂ ਹਾਂ ਤਾਂ ਮੈਂ ਕੀ ਕਰਾਂ? ਕੀ ਮੈਨੂੰ ਤੁਹਾਡੇ ਨਾਲ ਹੀ ਕੰਮ ਕਰਨਾ ਹੋਵੇਗਾ ਕਿਉਂਕਿ ਤੁਸੀਂ ਮੈਨੂੰ ਔਨਬੋਰਡ ਕੀਤਾ ਹੈ।




ਅਸੀਂ ਇਹ ਪੱਕਾ ਕਰਨ ਲਈ ਪੂਰੀ ਕੋਸ਼ਿਸ਼ ਕਰਾਂਗੇ ਕਿ ਤੁਹਾਡਾ ਅਨੁਭਵ ਸਹਿਜ ਅਤੇ ਪਰੇਸ਼ਾਨੀ ਮੁਕਤ ਹੋਵੇ! ਹਾਲਾਂਕਿ, ਜੇ ਤੁਸੀਂ ਅਜੇ ਵੀ ਇੱਕ ਅਲੱਗ ਵਿਕ੍ਰੇਤਾ ਐਪਲੀਕੇਸ਼ਨ ਅਪਣਾਉਣ ਦਾ ਨਿਰਣਾ ਲੈਂਦੇ ਹੋ ਤਾਂ ਤੁਹਾਡੇ ਗਾਹਕਾਂ ਦੇ ਨਾਲ ਤੁਹਾਡੀ ਕਾਰੋਬਾਰੀ ਰੇਟਿੰਗ ਅਤੇ ਭਰੋਸਾ ਬਰਾਬਰ ਰਹੇਗਾ। ਤੁਹਾਡਾ ਉਤਪਾਦ ਕੈਟਲਾਗ ਵੀ ਨੈਟਵਰਕ ਦੁਆਰਾ ਕਾਇਮ ਰੱਖਿਆ ਜਾਵੇਗਾ, ਇਸ ਲਈ ਤੁਹਾਨੂੰ ਇਸ ਨੂੰ ਦੁਬਾਰਾ ਫੇਰ ਤੋਂ ਬਣਾਉਣ ਦੀ ਜ਼ਰੂਰਤ ਨਹੀਂ ਹੋਵੇਗੀ।

### ਆਰਡਰਾਂ ਨੂੰ ਕਿਵੇਂ ਪੂਰਾ ਕਰੀਏ?

ਵਿਕ੍ਰੇਤਾਵਾਂ ਨੂੰ ਵਿਕ੍ਰੇਤਾ ਐਪਲੀਕੇਸ਼ਨ ਦੇ ਡੈਸ਼ਬੋਰਡ ‘ਤੇ ਆਰਡਰ ਸੂਚਨਾਵਾਂ ਪ੍ਰਾਪਤ ਹੋਣਗੀਆਂ। ਓਹ ਸਟਾਕ ਉਪਲੱਬਧਤਾ ਅਤੇ ਹੋਰ ਵਿਚਾਰਾਂ ਦੇ ਅਨੁਸਾਰ ਆਦੇਸ਼ ਨੂੰ ਸਵੀਕਾਰ ਜਾਂ ਅਸਵੀਕਾਰ ਕਰ ਸਕਦੇ ਹਨ।

### ਪੈਕੇਜਿੰਗ ਦੇ ਨਿਰਦੇਸ਼:

- ਇੱਕ ਮਜ਼ਬੂਤ ਬਾਹਰੀ ਪੈਕੇਜਿੰਗ ਸਮੱਗਰੀ ਦਾ ਉਪਯੋਗ ਕਰੋ।
- ਵੱਧ ਤੋਂ ਵੱਧ ਸੁਰੱਖਿਆ ਦੇ ਲਈ ਆਪਣੇ ਉਤਪਾਦਾਂ ਨੂੰ ਬਬਲ ਰੈਪ ਕਰੋ।
- ਸਹੀ ਪੈਕੇਜ ‘ਤੇ ਸਹੀ ਸ਼ਿਪਿੰਗ ਲੇਬਲ ਲਗਾਓ।
- ਪੈਕੇਜ ਵਿੱਚ ਆਰਡਰ ਚਲਾਨ ਰੱਖੋ।
- ਜਿੱਥੇ ਵੀ ਜ਼ਰੂਰੀ ਹੋਵੇ, ਨਾਜ਼ੁਕ (fragile) ਲੇਬਲ ਚਿਪਕਾਓ।




ਹਰੀ ਮੁਸਕਰਾਉਂਦਾ ਹੈ ਅਤੇ ਕਈ ਵਿਕ੍ਰੇਤਾਵਾਂ ਨੂੰ ਔਨਬੋਰਡ ਕਰਨ ਵਿੱਚ ਮਦਦ ਕਰਦਾ ਹੈ। ਇੱਕ ਸਫਲਤਾ ਪੂਰਵਕ ਸ਼ਾਮ ਦੇ ਅੰਤ ਤੱਕ, ਸੁਰੇਸ਼ ਅਤੇ ਕਮਲਾ ਖੁਸ਼ੀ ਨਾਲ ਘਰ ਵਾਪਸ ਆ ਜਾਂਦੇ ਹਨ, ਇਸ ਭਰੋਸੇ 'ਤੇ ਕਿ ਸਰਕਾਰ ਸਮਰਥਿਤ ਪਹਿਲ ਦੇ ਰੂਪ ਵਿੱਚ ਓਐਨਡੀਸੀ, ਉਹਨਾਂ ਦੀਆਂ ਸਮੱਸਿਆਵਾਂ ਨੂੰ ਹਲ ਕਰ ਸਕਦਾ ਹੈ।

ਅੱਜ, ਸੁਰੇਸ਼ ਔਨਲਾਈਨ ਇੱਕ ਸਫਲ ਕਾਰੋਬਾਰ ਚਲਾਉਂਦਾ ਹੈ।





ਉਹ ਇੱਕ ਲੌਜਿਸਟਿਕਸ ਸੇਵਾ ਪ੍ਰਦਾਤਾ ਦੇ ਨਾਲ ਕੰਮ ਕਰਦਾ ਹੈ ਜੋ ਗਾਹਕਾਂ ਨੂੰ ਸੁਰੱਖਿਅਤ ਰੂਪ ਨਾਲ ਉਤਪਾਦ ਨੂੰ ਗਾਹਕਾਂ ਤੱਕ ਪਹੁੰਚਾਉਂਦਾ ਹੈ। ਫੇਰ 7-10 ਕਾਰਜੀ ਦਿਨਾਂ ਦੇ ਬਾਅਦ ਉਹ ਆਪਣਾ ਭੁਗਤਾਨ ਪ੍ਰਾਪਤ ਕਰਦਾ ਹੈ।

ਹੁਣ, ਕਮਲਾ ਓਐਨਡੀਸੀ ਦੇ ਮਾਧਿਅਮ ਤੋਂ ਵੀ ਵਿਕਰੀ ਕਰਦੀ ਹੈ। ਉਸ ਨੂੰ ਪਹਿਲਾਂ ਤੋਂ ਕਾਫੀ ਜ਼ਿਆਦਾ ਕਾਰੋਬਾਰ ਮਿਲਦਾ ਹੈ।

‘‘ਕਮਲਾ ਸਟੋਰ – ਹਫਤਾਵਾਰੀ ਰਿਪੋਰਟ’’
‘‘ਅਨੇਕਾਂ ਪ੍ਰਕਾਰ ਦੇ ਜ਼ਿਆਦਾ ਵਿਕਣ ਵਾਲੇ ਉਪਤਾਦ ’’

ਕਮਲਾ ਵਿਕ੍ਰੇਤਾ ਐਪਲੀਕੇਸ਼ਨ ਵਿੱਚ ਲੌਗ ਇਨ ਕਰਦੀ ਹੈ ਅਤੇ ਇਹਨਾਂ ਵਿਚੋਂ ਕੁੱਝ ਕਿਸਮਾਂ ਨੂੰ ਆਪਣੇ ਕੈਟਲਾਗ ਵਿੱਚ ਜੋੜਦੀ ਹੈ। ਅਗਲੇ ਦਿਨ, ਉਹ ਜ਼ਿਆਦਾ ਆਰਡਰ ਨੋਟੀਫਿਕੇਸ਼ਨ ਪ੍ਰਾਪਤ ਕਰਦੀ ਹੈ।



ਆਪਣਾ ਕੰਮ ਪੂਰਾ ਹੋਣ ਦੇ ਬਾਅਦ, ਉਹ ਅਰਾਮ ਕਰਨ ਲਈ ਇਕ ਚਾਹ ਦੀ ਦੁਕਾਨ 'ਤੇ ਜਾਂਦੀ ਹੈ। ਉਹ ਸੁਰੇਸ਼ ਅਤੇ ਰਾਜੂ ਨੂੰ ਮਿਲਦੀ ਹੈ, ਜੋ ਪਹਿਲਾਂ ਤੋਂ ਹੀ ਗੱਲ-ਬਾਤ ਕਰ ਰਹੇ ਹੁੰਦੇ ਹਨ।




ਸੁਰੇਸ਼, ਰਾਜੂ ਅਤ ਕਮਲਾ ਨੇ ਤਾਲੀਆਂ ਵਜਾਈਆਂ।

## ਵਿਕ੍ਰੇਤਾ ਨੈਟਵਰਕ ਭਾਗੀਦਾਰ

ਤੁਹਾਨੂੰ ਓਐਨਡੀਸੀ ਨੈਟਵਰਕ 'ਤੇ ਰਜਿਸਟਰ ਅਤੇ ਔਨਬੋਰਡ ਕਰਨ ਵਿੱਚ ਮਦਦ ਕਰੇਗਾ, ਜਿੱਥੇ ਤੁਸੀਂ ਆਪਣੇ ਉਤਪਾਦਾਂ ਨੂੰ ਔਨਲਾਈਨ ਵੇਚ ਸਕੋਗੇ।

## ਖਰੀਦਾਰ ਨੈਟਵਰਕ ਭਾਗੀਦਾਰ

ਖਰੀਦਾਰ ਇਿਹਨਾਂ ਐਪਲੀਕੇਸ਼ਨਸ ਤੋਂ ਉਹ ਉਤਪਾਦ ਦੇਖ ਸਕਣਗੇ ਜੋ ਤੁਸੀਂ ਓਐਨਡੀਸੀ ਨੈਟਵਰਕ ਰਾਹੀਂ ਔਨਲਾਈਨ ਵੇਚ ਰਹੇ ਹੋ।

## ਲੌਜਿਸਟਿਕਸ ਸੇਵਾ ਪ੍ਰਦਾਤਾ

ਆਪਣੇ ਉਤਪਾਦਾ ਨੂੰ ਗਾਹਕਾਂ ਤੱਕ ਡੀਲੀਵਰ ਕਰਨ ਲਈ, ਤੁਸੀਂ ਅਨੇਕਾਂ ਲੌਜਿਸਟਿਕਸ ਸੇਵਾ ਪ੍ਰਦਾਤਾਵਾਂ ਤੋਂ ਡੀਲੀਵਰੀ ਸੇਵਾਵਾਂ ਦੀਆਂ ਆਪਣੀਆਂ ਸ਼ਰਤਾਂ ਚੁਣ ਸਕਦੇ ਹੋ।

**ਸਕੈਨ ਕਰੋ ਅਤੇ ਨੈਟਵਰਕ ਭਾਗੀਦਾਰਾਂ ਨਾਲ ਕਨੈਕਟ ਕਰੋ ।**

# ਇਹਨਾਂ ਦੇ ਨਾਲ ONDC ਨੈਟਵਰਕ ਲਾਈਵ ਹੈ
# 3 ਲੱਖ+ ਵਿਕ੍ਰੇਤਾ/ਸੇਵਾ ਪ੍ਰਦਾਤਾ, 500+ ਸ਼ਹਿਰਾਂ ਤੋਂ

**16**
**ਖਰੀਦਾਰ**
ਨੈਟਵਰਕ
ਭਾਗੀਦਾਰ

**43**
**ਵਿਕ੍ਰੇਤਾ**
ਨੈਟਵਰਕ
ਭਾਗੀਦਾਰ

**13**
**ਲੌਜਿਸਟਿਕਸ**
ਸੇਵਾ
ਪ੍ਰਦਾਤਾ


**1**
**ਕਰੋੜ** + ਉਤਪਾਦ
ਓਐਨਡੀਸੀ
'ਤੇ ਉਪਲੱਬਧ

ਇਹ ਅੰਕੜੇ ਤੇਜ਼ੀ ਨਾਲ ਵੱਧ ਰਹੇ ਹਨ।

*Statistics - As of February 2024

ONDC ਨੈਟਵਰਕ ਪ੍ਰੋਡਕਟ ਸ਼੍ਰੇਣੀਆਂ ਅਤੇ ਸ਼ਹਿਰਾਂ ਵਿੱਚ ਤੇਜ਼ੀ ਨਾਲ ਵੱਧ ਰਿਹਾ ਹੈ।

#VocalForLocal
#AtmanirbharBharat



# ਕੀ ਤੁਸੀਂ ਓਐਨਡੀਸੀ ਨੈਟਵਰਕ ਦੇ ਮਾਧਿਅਮ ਨਾਲ ਔਨਲਾਈਨ ਵਿਕਰੀ ਅਰੰਭ ਕਰਨ ਦੇ ਲਈ ਤਿਆਰ ਹੋ?

**ਕਿਸੇ ਵਿਕ੍ਰੇਤਾ ਨੈਟਵਰਕ ਭਾਗੀਦਾਰ ਨਾਲ ਜੁੜੋ।**

**ਸਕੈਨ ਕਰੋ ਜਾਂ +91 81309 35050 'ਤੇ "HI" ਕਰੋ ਇਹ ਸਿੱਖਣ ਲਈ ਕਿ ਓਐਨਡੀਸੀ ਨੈਟਵਰਕ 'ਤੇ ਵਿਕਰੀ ਕਿਵੇਂ ਕਰਨੀ ਹੈ।**

---

**ਵਿਜ਼ਿਟ ਕਰੋ** www.ondc.org/sellers

ਓਐਨਡੀਸੀ ਨੈਟਵਰਕ ਦੇ ਰਾਹੀਂ ਸਾਰੇ ਭਾਰਤ ਵਿੱਚ ਦੂਜੇ ਵਿਕ੍ਰੇਤਾ ਦੇਖਣ ਲਈ।

ਡਿਜਿਟਲ ਕਾਮਰਸ ਦੇ ਲਈ ਓਪਨ ਨੈਟਵਰਕ @ 2023

**ਡੀਪੀਆਈਆਈਟੀ, ਭਾਰਤ ਸਰਕਾਰ ਦੁਆਰਾ ਇੱਕ ਪਹਿਲ।**

ਵਧੇਰੀ ਜਾਣਕਾਰੀ ਲਈ, ਸਾਡੇ ਨਾਲ ਇੱਥੇ ਸੰਪਰਕ ਕਰੋ:
team@ondc.org

**ਬੇਦਾਅਵਾ**: ਇਹ ਹੈਂਡਬੁਕ ਕੇਵਲ ਦਰਸ਼ਕ ਦੀ ਜਾਣਕਾਰੀ ਮਾਤਰ ਹੀ ਹੈ। ਇਸ ਹੈਂਡਬੁਕ ਵਿੱਚ ਸ਼ਾਮਿਲ ਕਿਸੇ ਵੀ ਰਸਾਲੇ ਨੂੰ ਕਾਨੂੰਨੀ ਰਾਏ ਜਾਂ ਸਲਾਹ ਜਾਂ ਕਰ ਸਬੰਧੀ ਸਲਾਹ ਦੇ ਰੂਪ ਵਿੱਚ ਨਹੀਂ ਮੰਨਿਆ ਜਾਣਿਆ ਜਾਵੇਗਾ। ਓਪਨ ਨੈਟਵਰਕ ਫੌਰ ਡਿਜਿਟਲ ਕਾਮਰਸ ਲਿਮਿਟੇਡ ('ਓਐਨਡੀਸੀ') ਹੈਂਡਬੁਕ ਵਿੱਚ ਦਿੱਤੀ ਸੂਚਨਾ ਦੀ ਸੰਪੂਰਨਤਾ ਅਤੇ ਦਰੁਸਤੀ ਦੇ ਸਬੰਧ ਵਿੱਚ ਨਾ ਹੀ ਕੋਈ ਦਾਅਵਾ ਕਰਦਾ ਹੈ ਅਤੇ ਨਾ ਹੀ ਕੋਈ ਗਰੰਟੀ ਜਾਂ ਵਾਰੰਟੀ ਦੇਂਦਾ ਹੈ। ਓਐਨਡੀਸੀ (ਇਸ ਦੇ ਸਲਾਹਕਾਰਾਂ, ਉੱਪ-ਕੰਟ੍ਰੈਕਟਰਾਂ, ਕਰਮਚਾਰੀਆਂ ਅਤੇ ਡਾਇਰੈਕਟਰਾਂ ਆਦਿ ਸਮੇਤ) ਕਿਸੇ ਵੀ ਪ੍ਰਕਾਰ ਦੀ ਹਾਨੀ, ਫਲ ਸਰੂਪ, ਖਾਸ ਜਾਂ ਮਿਲਦੇ-ਜੁਲਦੇ ਨੁਕਸਾਨ, ਦਾਅਵਿਆਂ (ਇਹਨਾਂ ਵਿੱਚ ਕਰ ਅਧਿਕਾਰੀਆਂ ਦੁਆਰਾ ਕੀਤੇ ਗਏ ਦਾਅਵਿਆਂ ਸ਼ਾਮਿਲ ਹਨ, ਪਰ ਏਥੋਂ ਤੱਕ ਸੀਮਤ ਨਹੀਂ), ਕਾਨੂੰਨੀ ਆਦੇਸ਼ਾਂ/ਕਾਨੂੰਨੀ ਨਿਰਣਿਆਂ ਅਤੇ ਇਸ ਹੈਂਡਬੁਕ ਵਿੱਚ ਦਿੱਤੀ ਕਿਸੀ ਸੂਚਨਾ ਦਾ ਕਿਸੇ ਦਰਸ਼ਕ ਦੁਆਰਾ ਉਪਯੋਗ ਕਰਨ ਦੇ ਫਲ ਸਰੂਪ ਦਰਸ਼ਕ(s) ਜਾਂ ਦਰਸ਼ਕ(s) ਨਾਲ ਸਬੰਧਿਤ ਵਿਅਕਤੀਆਂ ਦੇ ਵਿਰੁੱਧ ਕਿਸੀ ਵੀ ਸਰਕਾਰੀ ਏਜੰਸੀ ਜਾਂ ਅਧਿਕਾਰੀ ਦੁਆਰਾ ਕੀਤੀ ਗਈ ਕਾਰਵਾਈ (ਸ਼ਾਮਿਲ ਹੈ, ਪਰ ਏਥੋਂ ਤੱਕ ਸੀਮਤ ਨਹੀਂ) ਨਾਲ ਸਬੰਧਿਤ ਕਿਸੇ ਵੀ ਕਾਰਣ ਲਈ ਜਵਾਬਦੇਹ ਜਾਂ ਦੇਣਦਾਰ ਨਹੀਂ ਹੈ।